**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**

**ਫੋਨ ਨੰਬਰ:0172-2212221, ਫੈਕਸ ਨੰ:0172-2212793**


---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਸਮੂਹ ਸਕੂਲ ਮੁੱਖੀ (ਹੈਡ ਮਾਸਟਰ/ਪ੍ਰਿੰਸੀਪਲ/ਮੁੱਖੀ)
ਪੰਜਾਬ।

ਮੀਮੋ ਨੰ: 2/8-2019 (ਟ੍ਰੇਨਿੰਗ)
ਮਿਤੀ: 02-04-2019

**ਵਿਸ਼ਾ: ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੇ 100 ਸਾਲਾ ਦਿਵਸ ਸੰਬੰਧੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ।

2.0 ਮਿਤੀ 13 ਅਪ੍ਰੈਲ 1919 ਵਾਲੇ ਦਿਨ ਅੰਗਰੇਜ ਹਕੂਮਤ ਨੇ ਜਲ੍ਹਿਆਂਵਾਲਾ ਬਾਗ਼ ਸ੍ਰੀ ਅੰਮ੍ਰਿਤਸਰ ਵਿਖੇ ਨਿਹੱਥੇ ਲੋਕਾਂ ਉੱਤੇ ਗੋਲੀਆਂ ਚਲਾ ਕੇ ਸ਼ਹੀਦ ਕਰ ਦਿੱਤਾ ਸੀ। ਇਹ ਸਾਲ ਖ਼ੂਨੀ ਸਾਕੇ ਦਾ 100 ਸਾਲਾਂ ਦਿਵਸ ਹੈ।

3.0 ਸ਼ਹੀਦਾਂ ਦੇ ਸਨਮਾਨ ਨੂੰ ਮੁੱਖ ਰੱਖਦੇ ਹੋਏ ਇਸ ਦਿਵਸ ਨੂੰ ਮਨਾਉਣਾ ਸਾਡਾ ਕਰਤੱਵ ਬਣਦਾ ਹੈ, ਸੋ ਵੱਖ-ਵੱਖ ਜਮਾਤਾਂ ਦੀਆਂ ਪਾਠ ਪੁਸਤਕਾਂ ਵਿੱਚ ਜੋ ਪਾਠ ਅਜ਼ਾਦੀ ਦੇ ਪ੍ਰਵਾਨਿਆਂ ਜਾਂ ਅਜ਼ਾਦੀ ਸੰਗਰਾਮ ਨਾਲ ਸਬੰਧਤ ਹਨ, ਉਹਨਾਂ ਨੂੰ ਅਪ੍ਰੈਲ ਮਹੀਨੇ ਦੇ ਪਹਿਲੇ ਦੋ ਹਫਤਿਆਂ ਵਿੱਚ ਪੜ੍ਹਾਇਆ ਜਾਵੇ ਤੇ ਅਜ਼ਾਦੀ ਸੰਗਰਾਮ ਸੰਬੰਧੀ ਵਿਦਿਆਰਥੀਆਂ ਨੂੰ ਦੱਸਿਆ ਜਾਵੇ।

4.0 ਇਹ ਸੰਭਵ ਹੋ ਸਕਦਾ ਹੈ ਕਿ ਵਿਭਾਗ ਵੱਲੋਂ ਜਾਰੀ ਕੀਤੇ ਮਹੀਨਾਵਾਰ ਪਾਠਕ੍ਰਮ ਵਿੱਚ ਇਹ ਪਾਠ ਕਿਸੇ ਹੋਰ ਮਹੀਨੇ ਵਿੱਚ ਹੋਣ, ਫਿਰ ਵੀ ਉਪਰੋਕਤ ਪਾਠ ਅਤੇ ਅਜਾਦੀ ਦੀ ਲੜਾਈ ਨਾਲ ਜੁੜੀ ਪੜ੍ਹਨ ਸਮੱਗਰੀ ਬਾਰੇ ਵਿਦਿਆਰਥੀਆਂ ਨੂੰ ਅਪ੍ਰੈਲ ਮਹੀਨੇ ਦੇ ਪਹਿਲੇ ਦੋ ਹਫਤਿਆਂ ਵਿੱਚ ਜਾਣਕਾਰੀ ਦਿੱਤੀ ਜਾਵੇ।

**ਸਹਾਇਕ ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**